CHARTERED SOCIETY OF PHYSIOTHERAPY

# ਕਦੋਂ ਮਿਲਣਾ ਹੈ FCP ਨੂੰ

- **ਫਸਟ ਕਾਂਟੈਕਟ ਫਿਜ਼ੀਓਥੈਰਾਪਿਸਟ (FCPs)** ਉੱਚ ਸਿਖਲਾਈ ਪ੍ਰਾਪਤ ਸਰੀਰਕ-ਚਿਕਿਤਸਕ [ਫਿਜ਼ੀਓਥੈਰਾਪਿਸਟ] ਹੁੰਦੇ ਹਨ, ਜੋ ਅਕਸਰ ਜੀ.ਪੀ. ਸਰਜਰੀਆਂ ਵਿੱਚ ਸਥਿਤ ਹੁੰਦੇ ਹਨ।
- **FCPs** ਕੋਲ ਮਾਸਪੇਸ਼ੀ ਅਤੇ ਪਿੰਜਰ ਦੀਆਂ ਬਿਮਾਰੀਆਂ ਦੇ ਮੁਲਾਂਕਣ ਅਤੇ ਪ੍ਰਬੰਧਨ ਵਿੱਚ ਵਿਸਤਰਿਤ ਤਜ਼ਰਬਾ ਹੁੰਦਾ ਹੈ – ਜਿਵੇਂ ਕਿ ਪਿੱਠ ਜਾਂ ਗਰਦਨ ਦਾ ਦਰਦ – ਅਤੇ ਇਹ ਇਹਨਾਂ ਮਰੀਜ਼ਾਂ ਨੂੰ ਬਿਨਾਂ ਕਿਸੇ ਜੀ.ਪੀ.ਦੀ ਅਪੌਇੰਟਮੈਂਟ ਦੇ ਦੇਖ ਸਕਦੇ ਹਨ।
- ਜੇ ਤੁਹਾਨੂੰ ਹੱਡੀਆਂ, ਜੋੜਾਂ ਜਾਂ ਮਾਸਪੇਸ਼ੀ ਦਾ ਦਰਦ ਹੈ, ਤਾਂ ਤੁਸੀਂ ਇੱਕ **FCP ਨੂੰ ਮਿਲ ਸਕਦੇ ਹੋ।**

## ਜਦ ਤੁਸੀਂ ਆਪਣੇ FCP ਨੂੰ ਮਿਲਦੇ ਹੋ ਤਾਂ ਕੀ ਉਮੀਦ ਕੀਤੀ ਜਾਵੇ

- ਤੁਹਾਡਾ **FCP** ਤੁਹਾਡਾ ਮੁਲਾਂਕਣ ਕਰੇਗਾ ਅਤੇ ਤੁਹਾਡੀ ਤਸ਼ਖੀਸ ਕਰੇਗਾ।
- ਇਸ ਬਾਰੇ ਮਾਹਰ ਸਲਾਹ ਦੇਵੇਗਾ ਕਿ ਤੁਹਾਡੀ ਬਿਮਾਰੀ ਦਾ ਸਭ ਤੋਂ ਵਧੀਆ ਤਰੀਕੇ ਨਾਲ ਪ੍ਰਬੰਧਨ ਕਿਵੇਂ ਕਰਨਾ ਹੈ।
- ਜੇ ਜ਼ਰੂਰੀ ਹੋਇਆ ਤਾਂ ਉਹ ਤੁਹਾਨੂੰ ਵਿਸ਼ੇਸ਼ੱਗ ਸੇਵਾਵਾਂ ਵੱਲ ਭੇਜੇਗਾ।

## ਆਪਣੇ FCP ਨੂੰ ਮਿਲਣ ਲਈ ਤੁਸੀਂ ਇੱਕ ਅਪਾਇੰਟਮੈਂਟ ਕਿਵੇਂ ਬੁੱਕ ਕਰਨੀ ਹੈ?

- ਬੱਸ ਆਪਣੀ ਜੀ.ਪੀ. ਪਰੈਕਟਿਸ ਨਾਲ ਸੰਪਰਕ ਕਰੋ ਅਤੇ **FCP** ਨੂੰ ਮਿਲਣ ਲਈ ਇੱਕ ਅਪਾਇੰਟਮੈਂਟ ਦੀ ਬੇਨਤੀ ਕਰੋ। ਰਿਸੈਪਸ਼ਨ ਟੀਮ ਜਾਂਚ ਕਰੇਗੀ ਕਿ ਤੁਸੀਂ ਢੁਕਵੇਂ ਹੋ ਅਤੇ ਤੁਹਾਡੇ ਲਈ ਇੱਕ ਮੁਲਾਕਾਤ ਬੁੱਕ ਕਰੇਗੀ।

First Contact Physiotherapy

001992 SPED 09/2022